ਰੂਹ ਦਾ ਸਫ਼ਰ

ਰੂਹ ਦਾ ਸਫ਼ਰ

ਬਰਾ ਬਿਨ ਆਜਿਬ (ਰਜ਼ੀ ਅੱਲਾਹੂ ਅਨਹੂ) ਬਿਆਨ ਕਰਦੇ ਹਨ, ਅਸੀਂ ਅੱਲ੍ਹਾ ਦੇ ਰਸੂਲ (ﷺ) ਦੇ ਨਾਲ ਇੱਕ ਅੰਸਾਰੀ ਵਿਅਕਤੀ ਦੇ ਜ਼ਨਾਜ਼ੇ ਵਿੱਚ ਸ਼ਾਮਲ ਹੋਏ। ਅਸੀਂ ਕਬਰ ਤੇ ਪਹੁੰਚ ਗਏ, ਕਬਰ ਹਲੇ ਤਿਆਰ ਨਹੀਂ ਸੀ ਹੋਈ, ਫਿਰ ਅੱਲ੍ਹਾ ਦੇ ਰਸੂਲ (ﷺ) ਬੈਠ ਗਏ ਅਤੇ ਅਸੀਂ ਵੀ ਉਹਨਾਂ ਦੇ ਆਲੇ-ਦੁਆਲੇ ਇਸ ਤਰ੍ਹਾਂ (ਚੁੱਪਚਾਪ, ਸ਼ਾਂਤੀ ਨਾਲ) ਬੈਠ ਗਏ ਜਿਵੇਂ ਸਾਡੇ ਸਿਰਾਂ 'ਤੇ ਪੰਛੀ ਹੋਣ। ਅਤੇ ਉਹਨਾਂ ਦੇ ਹੱਥ ਵਿੱਚ ਇੱਕ ਛੜੀ ਸੀ ਜਿਸ ਨਾਲ ਉਹ ਜ਼ਮੀਨ ਖੁਰਚ ਰਹੇ ਸਨ, ਫਿਰ ਉਹਨਾਂ ਨੇ ਆਪਣਾ ਸਿਰ ਉੱਪਰ ਉਠਾਇਆ ਅਤੇ ਕਿਹਾ, ਕਬਰ ਦੇ ਅਜ਼ਾਬ ਤੋਂ ਅੱਲ੍ਹਾ ਦੀ ਪਨਾਹ (ਸ਼ਰਨ) ਮੰਗੋ। ਆਪ ਨੇ ਇਸ ਤਰ੍ਹਾਂ ਦੋ ਜਾਂ ਤਿੰਨ ਵਾਰ ਕਿਹਾ।
ਫਿਰ ਉਹਨਾਂ ਨੇ ਫ਼ਰਮਾਇਆ, ਜਦੋਂ ਮੋਮਿਨ ਬੰਦਾ ਇਸ ਦੁਨੀਆ ਤੋਂ ਵਿਛੋੜੇ ਦੀ ਅਵਸਥਾ ਵਿੱਚ ਹੁੰਦਾ ਹੈ ਅਤੇ ਪਰਲੋਕ ਦੇ ਨੇੜੇ ਹੁੰਦਾ ਹੈ (ਆਖਰਤ ਵੱਲ ਮੁੜਦਾ ਹੈ)।

ਤਾਂ ਨਾਜ਼ਿਲ ਹੁੰਦੇ ਹਨ ਉਸ ਕੋਲ ਆਸਮਾਨ ਤੋਂ ਸੂਰਜ ਵਾਂਗ ਚਮਕਦੇ ਚਿੱਟੇ ਚਿਹਰਿਆਂ ਵਾਲੇ ਫ਼ਰਿਸ਼ਤੇ, ਜੰਨਤ ਦੇ ਕਫ਼ਨਾਂ ਵਿੱਚੋਂ ਇੱਕ ਕਫ਼ਨ ਅਤੇ ਜੰਨਤ ਦੇ ਹੁਨੂਤ (ਅਤਰ, ਖੁਸ਼ਬੂ, ਮਸਾਲੇ) ਵਿੱਚੋਂ ਹੁਨੂਤ ਦੇ ਨਾਲ। (ਜੰਨਤ ਦੇ ਅਤਰਾਂ ਵਿੱਚੋਂ ਅਤਰ ਦੇ ਨਾਲ)।

ਇੱਥੋਂ ਤੱਕ ਕਿ ਉਹ ਉਸਦੇ ਕੋਲ ਬੈਠ ਜਾਂਦੇ ਹਨ, ਸੀਮਾ ਏ ਨਜ਼ਰ (ਨਜ਼ਰਾਂ ਦੀ ਹੱਦ) ਤੱਕ। ਤਦ ਆਉਂਦਾ ਹੈ ਮਲਾਕੁਲ ਮੌਤ (ਮੌਤ ਦਾ ਫ਼ਰਿਸ਼ਤਾ), ਇੱਥੋਂ ਤੱਕ ਕਿ ਜਦ ਉਹ (ਵੀ) ਬੈਠ ਜਾਂਦਾ ਹੈ ਉਸਦੇ ਸਿਰ ਕੋਲ (ਅਤੇ) ਫਿਰ ਆਖਦਾ ਹੈ, ਹੇ ਪਾਕੀਜ਼ਾ ਨਫ਼ਸ, ਚੱਲ ਨਿੱਕਲ (ਬਾਹਰ), ਅੱਲ੍ਹਾ ਦੀ ਮਗ਼ਫਿਰਤ ਅਤੇ ਰਜ਼ਾਮੰਦੀ ਦੀ ਤਰਫ਼।

(ਅਤੇ) ਫ਼ਰਮਾਇਆ, ਤਦ ਇਹ ਵਗਦੀ (ਬਾਹਰ) ਨਿੱਕਲਦੀ ਹੈ (ਇੰਝ) ਜਿਵੇਂ ਪਾਣੀ ਦੇ ਮਸ਼ਕੀਜ਼ੇ ਵਿੱਚੋਂ ਬੂੰਦ ਵਗਦੀ ਹੈ। ਅਤੇ ਉਹ (ਮੌਤ ਦਾ ਫ਼ਰਿਸ਼ਤਾ) ਇਸਨੂੰ (ਫੜ) ਲੈਂਦਾ ਹੈ, ਅਤੇ ਜਦੋਂ ਉਹ ਇਸਨੂੰ (ਪ੍ਰਾਪਤ ਕਰ) ਲੈਂਦਾ ਹੈ, ਤਾਂ ਉਹ (ਦੂਸਰੇ ਫ਼ਰਿਸ਼ਤੇ) ਇਸਨੂੰ (ਅਰਥਾਤ ਮੋਮਿਨ ਦੀ ਰੂਹ ਨੂੰ) ਅੱਖ ਝਪਕਣ ਬਰਾਬਰ ਵੀ ਉਸਦੇ ਹੱਥ ਵਿੱਚ ਨਹੀਂ ਛੱਡਦੇ ਇੱਥੋਂ ਤੱਕ ਕਿ ਉਹ ਇਸਨੂੰ ਲੈ ਕੇ ਉਸ ਕਫ਼ਨ ਅਤੇ ਉਸ ਹੁਨੂਤ ਵਿੱਚ (ਲਪੇਟ) ਨਹੀਂ ਲੈਂਦੇ, ਅਤੇ ਇਸ ਵਿੱਚੋਂ ਨਿਕਲਦੀ ਹੈ, ਧਰਤੀ ਦੇ ਚਿਹਰੇ 'ਤੇ ਪਾਈ ਜਾਣ ਵਾਲੀ ਸਭ ਤੋਂ ਵਧੀਆ ਕਸਤੂਰੀ ਵਰਗੀ ਖੁਸ਼ਬੂ।
(ਅਤੇ) ਫ਼ਰਮਾਇਆ, ਫਿਰ ਉਹ (ਫ਼ਰਿਸ਼ਤੇ) ਇਸਨੂੰ ਲੈ ਕੇ ਉੱਪਰ (ਆਸਮਾਨ) ਦੀ ਤਰਫ਼ ਚੜ੍ਹਦੇ ਹਨ, ਪਰ ਉਹ ਨਹੀਂ ਲੰਘਦੇ - ਭਾਵ - ਫਰਿਸ਼ਤੀਆਂ ਦੇ (ਕਿਸੇ ਵੀ) ਇੱਕ ਸਮੂਹ ਕੋਲੋਂ ਸਿਵਾਏ ਇਸਦੇ ਕਿ (ਫਰਿਸ਼ਤੀਆਂ ਦੀ) ਉਹ ਟੋਲੀ ਕਹਿੰਦੀ ਹੈ, ਕਿਸਦੀ ਹੈ, ਇਹ ਪਾਕੀਜ਼ਾ ਰੂਹ?

ਜਿਸ ਦਾ ਉਹ ਜਵਾਬ ਦਿੰਦੇ ਹਨ, ਫਲਾਣ ਪੁੱਤਰ ਫਲਾਣ (ਦੀ ਰੂਹ), ਉਸਦੇ ਸਭ ਤੋਂ ਉੱਤਮ ਨਾਮਾਂ ਦੀ ਵਰਤੋਂ ਕਰਦੇ ਹੋਏ ਜਿਸ ਨਾਲ ਲੋਕ ਉਸਨੂੰ ਧਰਤੀ 'ਤੇ ਬੁਲਾਉਂਦੇ ਸਨ।

ਇੱਥੋਂ ਤੱਕ ਕਿ ਉਹ ਇਸਨੂੰ ਲੈ ਕੇ ਆਸਮਾਨ ਏ ਦੁਨੀਆ (ਅਰਥਾਤ ਪਹਿਲੇ ਆਸਮਾਨ) ਤੱਕ ਪਹੁੰਚਦੇ ਹਨ। ਉਹ ਇਸ ਨੂੰ ਉਸਦੇ ਲਈ ਖੋਲ੍ਹਣ ਦੀ ਮੰਗ ਕਰਦੇ ਹਨ ਅਤੇ ਇਹ ਉਸਦੇ ਲਈ ਖੋਲ੍ਹਿਆ ਜਾਂਦਾ ਹੈ। ਫਿਰ ਹਰ ਆਸਮਾਨ ਦੇ ਮੁਕੱਰਬ ਫ਼ਰਿਸ਼ਤੇ, ਅਗਲੇ ਆਸਮਾਨ ਤੱਕ, ਉਸਦੇ ਨਾਲ ਜਾਂਦੇ ਹਨ ਇੱਥੋਂ ਤੱਕ ਕਿ ਉਸਨੂੰ ਸੱਤਵੇਂ ਆਸਮਾਨ ਤੱਕ ਪਹੁੰਚ ਦਿੱਤਾ ਜਾਂਦਾ ਹੈ।

ਫਿਰ ਅੱਲ੍ਹਾ ਸੁਬਹਾਨਾ ਵ ਤਾਅਲਾ ਫ਼ਰਮਾਉਂਦੇ ਹਨ, ਦਰਜ ਕਰ ਦਵੋ, ਮੇਰੇ ਬੰਦੇ ਦੀ ਕਿਤਾਬ (ਅਮਾਲ-ਨਾਮਾਂ) ਇਲੀਯੀਨ ਵਿੱਚ, (ਕੁਰਆਨ 83:18) ਅਤੇ ਉਸਨੂੰ ਧਰਤੀ 'ਤੇ ਵਾਪਸ ਲੈ ਜਾਓ, ਕਿਉਂਕਿ ਇਸ ਤੋਂ (ਹੀ) ਮੈਂ ਉਨ੍ਹਾਂ (ਮਨੁੱਖ-ਜਾਤੀ) ਨੂੰ ਬਣਾਇਆ ਹੈ, ਅਤੇ ਇਸ ਵਿਚ (ਹੀ) ਮੈਂ ਉਨ੍ਹਾਂ ਨੂੰ ਵਾਪਸ ਪਰਤਾਂਵਾਂਗਾ, ਅਤੇ ਇਸ ਵਿੱਚੋਂ (ਹੀ) ਮੈਂ ਉਨ੍ਹਾਂ ਨੂੰ ਇੱਕ ਵਾਰ ਹੋਰ (ਅਰਥਾਤ ਦੁਬਾਰਾ) ਬਾਹਰ ਲਿਆਵਾਂਗਾ।

(ਅਤੇ) ਫ਼ਰਮਾਇਆ, ਫਿਰ ਉਸਦੀ ਰੂਹ ਬਹਾਲ ਹੋ ਜਾਂਦੀ ਹੈ (ਉਸਦੀ ਰੂਹ ਉਸਦੇ ਜਿਸਮ ਵਿੱਚ ਵਾਪਸ ਆ ਜਾਂਦੀ ਹੈ), ਤਦ ਦੋ ਫ਼ਰਿਸ਼ਤੇ ਉਸ ਕੋਲ ਆਉਂਦੇ ਹਨ, ਫਿਰ ਉਸਨੂੰ ਬੈਠਾ ਕਰਕੇ (ਪਹਿਲਾ ਸਵਾਲ) ਪੁੱਛਦੇ ਹਨ।
ਮਨ ਰੱਬੁਕਾ? (ਤੇਰਾ ਰੱਬ ਕੌਣ ਹੈ?), ਤਾਂ ਉਹ (ਜਵਾਬ ਵਿੱਚ) ਆਖਦਾ ਹੈ, ਮੇਰਾ ਰੱਬ, ਅੱਲ੍ਹਾ ਹੈ।
ਫਿਰ ਉਹ (ਦੂਜਾ ਸਵਾਲ) ਪੁੱਛਦੇ ਹਨ।
ਮਾ ਦੀਨੁਕਾ? (ਤੇਰਾ ਦੀਨ ਕੀ ਹੈ?), ਤਾਂ ਉਹ (ਜਵਾਬ ਵਿੱਚ) ਆਖਦਾ ਹੈ, ਮੇਰਾ ਦੀਨ, ਇਸਲਾਮ ਹੈ।
ਫਿਰ ਉਹ ਉਸਨੂੰ (ਤੀਜਾ ਸਵਾਲ) ਪੁੱਛਦੇ ਹਨ।
ਇਹ ਆਦਮੀ ਕੌਣ ਹੈ ਜੋ ਤੁਹਾਡੇ ਵਿਚਕਾਰ ਭੇਜਿਆ ਗਿਆ ਸੀ?
ਤਾਂ ਉਹ (ਜਵਾਬ ਵਿੱਚ) ਆਖਦਾ ਹੈ, ਉਹ ਅੱਲ੍ਹਾ ਦੇ ਰਸੂਲ (ਮੁਹੰਮਦ) ਹਨ।
ਫਿਰ ਉਹ ਉਸਨੂੰ ਪੁੱਛਦੇ ਹਨ।
ਤੈਨੂੰ ਇਹ ਇਲਮ ਕਿਵੇਂ ਹੋਇਆ? (ਤੈਨੂੰ (ਇਹ ਸਭ) ਕਿਵੇਂ ਪਤਾ ਲੱਗਾ?) (ਤੇਰੇ ਇਸ ਇਲਮ ਦਾ ਸਰੋਤ ਕੀ ਹੈ?)
ਤਾਂ ਉਹ ਆਖਦਾ ਹੈ, ਮੈਂ ਅੱਲ੍ਹਾ ਦੀ ਕਿਤਾਬ ਪੜ੍ਹੀ,ਇਸ ਲਈ ਮੈਂ ਇਸ ਵਿੱਚ ਇਮਾਨ ਲਿਆਇਆ ਅਤੇ ਇਸਦੀ ਤਸਦੀਕ ਕੀਤੀ (ਇਸਨੂੰ ਸੱਚ ਜਾਣਿਆ, ਇਸਦੇ ਸੱਚ ਹੋਣ ਦੀ ਪੁਸ਼ਟੀ ਕੀਤੀ।)

ਫਿਰ ਇੱਕ ਪੁਕਾਰਣ ਵਾਲਾ ਆਸਮਾਨ ਤੋਂ ਪੁਕਾਰਦਾ ਹੈ, ਇਸਨੇ ਸੱਚ ਕਿਹਾ ਹੈ। ਇਸ ਕਰਕੇ, ਇਸਦੇ ਲਈ ਇੱਕ ਜੰਨਤੀ ਬਿਸਤਰਾ (ਗਲੀਚਾ) ਵਿਛਾਓ, ਇਸਨੂੰ ਇੱਕ ਜੰਨਤੀ ਲਿਬਾਸ ਪਹਿਨਾਓ ਅਤੇ ਇਸ ਲਈ ਜੰਨਤ ਦਾ ਇੱਕ ਦਰਵਾਜ਼ਾ ਖੋਲ੍ਹ ਦਿਓ।

(ਅਤੇ) ਫ਼ਰਮਾਇਆ, ਉਥੋਂ ਹਵਾਵਾਂ ਅਤੇ ਸੁਗੰਧਾਂ ਉਸ ਕੋਲ ਆਉਂਦੀਆਂ ਹਨ, ਅਤੇ ਉਸ ਦੀ ਕਬਰ, ਜਿੱਥੋਂ ਤੱਕ ਅੱਖ ਦੇਖ ਸਕਦੀ ਹੈ, ਚੌੜੀ (ਖੁੱਲੀ) ਕਰ ਦਿੱਤੀ ਜਾਂਦੀ ਹੈ।

(ਅਤੇ) ਫ਼ਰਮਾਇਆ, ਇੱਕ ਸੁੰਦਰ ਚਿਹਰੇ, ਵਧੀਆ ਕੱਪੜੇ ਪਹਿਨੇ ਅਤੇ ਸੁਹਾਵਣੀ ਖੁਸ਼ਬੂ ਵਾਲਾ ਆਦਮੀ ਉਸ ਕੋਲ ਆਉਂਦਾ ਹੈ ਅਤੇ ਆਖਦਾ ਹੈ, ਬਸ਼ਾਰਤ ਹਾਸਿਲ ਕਰ (ਖੁਸ਼ਖਬਰੀ ਪ੍ਰਾਪਤ ਕਰ) ਉਸਦੀ ਜੋ ਤੈਨੂੰ ਖੁਸ਼ ਕਰੇ (ਚੰਗੀ ਲੱਗੇ)। ਕਿਉਂਕਿ ਇਹ ਤੇਰਾ ਉਹ ਦਿਨ ਹੈ ਜਿਸਦਾ ਤੇਰੇ ਨਾਲ ਵਾਅਦਾ ਕੀਤਾ ਜਾਂਦਾ ਸੀ। ਤਾਂ ਉਹ ਉਸਨੂੰ ਪੁੱਛਦਾ ਹੈ: ਤੁਸੀਂ ਕੌਣ ਹੋ? (ਕਿਉਂਕਿ) ਤੁਹਾਡਾ ਚਿਹਰਾ ਉਹ ਚਿਹਰਾ ਹੈ ਜੋ ਖ਼ੈਰ (ਚੰਗਿਆਈ) (ਖੁਸ਼ਖਬਰੀ) ਲਿਆਉਂਦਾ ਹੈ। ਉਹ (ਜਵਾਬ ਵਿੱਚ) ਆਖਦਾ ਹੈ, ਮੈਂ ਤੇਰਾ ਅਮਲ ਏ ਸਾਲੇਹ (ਨੇਕ ਅਮਲ) ਹਾਂ।
ਫਿਰ ਉਹ (ਮੋਮਿਨ) ਆਖਦਾ ਹੈ, ਹੇ ਮੇਰੇ ਰੱਬ! ਕਿਆਮਤ ਕਾਇਮ ਕਰਦੇ, ਹੇ ਮੇਰੇ ਰੱਬ!, ਕਿਆਮਤ ਕਾਇਮ ਕਰਦੇ, ਹੱਤਾ ਕਿ ਮੈਂ ਆਪਣੇ ਪਰਿਵਾਰ ਅਤੇ ਜਾਇਦਾਦ ਦੀ ਤਰਫ਼ ਵਾਪਸ ਪਰਤਾਂ।

ਫ਼ਰਮਾਇਆ, ਜਦੋਂ ਕਾਫ਼ਿਰ ਬੰਦਾ ਇਸ ਦੁਨੀਆ ਤੋਂ ਵਿਛੋੜੇ ਦੀ ਅਵਸਥਾ ਵਿੱਚ ਹੁੰਦਾ ਹੈ ਅਤੇ ਪਰਲੋਕ ਦੇ ਨੇੜੇ ਹੁੰਦਾ ਹੈ (ਆਖਰਤ ਵੱਲ ਮੁੜਦਾ ਹੈ)। ਤਾਂ ਨਾਜ਼ਿਲ ਹੁੰਦੇ ਹਨ ਉਸ ਕੋਲ ਆਸਮਾਨ ਤੋਂ ਕਾਲੇ ਚਿਹਰਿਆਂ ਵਾਲੇ ਫ਼ਰਿਸ਼ਤੇ, ਵਾਲ-ਕੱਪੜੇ (ਤੱਪੜ, ਵਾਲਾਂ ਦੇ ਬਣੇ ਕੰਬਲ) ਦੇ ਨਾਲ।

ਇੱਥੋਂ ਤੱਕ ਕਿ ਉਹ ਉਸਦੇ ਕੋਲ ਬੈਠ ਜਾਂਦੇ ਹਨ, ਨਜ਼ਰਾਂ ਦੀ ਹੱਦ ਤੱਕ।
ਤਦ ਆਉਂਦਾ ਹੈ ਮਲਾਕੁਲ ਮੌਤ (ਮੌਤ ਦਾ ਫ਼ਰਿਸ਼ਤਾ), ਇੱਥੋਂ ਤੱਕ ਕਿ ਜਦ ਉਹ (ਵੀ) ਬੈਠ ਜਾਂਦਾ ਹੈ ਉਸਦੇ ਸਿਰ ਕੋਲ (ਅਤੇ) ਫਿਰ ਆਖਦਾ ਹੈ, ਹੇ ਖ਼ਬੀਸ (ਦੁਸ਼ਟ) ਨਫ਼ਸ, ਚੱਲ ਨਿੱਕਲ (ਬਾਹਰ), ਅੱਲ੍ਹਾ ਦੀ ਸਖ਼ਤੀ (ਨਰਾਜ਼ਗੀ ਅਤੇ ਅਜ਼ਾਬ) ਦੀ ਤਰਫ਼।

ਫ਼ਰਮਾਇਆ, ਤਦ ਉਹ (ਰੂਹ) ਉਸਦੇ ਸਰੀਰ ਵਿੱਚ ਫੈਲ ਜਾਂਦੀ ਹੈ। (ਉਹ ਉਸ ਦੇ ਸਾਰੇ ਸਰੀਰ ਵਿਚ ਖਿੱਲਰ ਜਾਵੇਗਾ) (ਇਹ ਉਸ ਦੇ ਸਰੀਰ ਵਿੱਚ ਘੁਲ ਜਾਂਦਾ ਹੈ।)

ਤਾਂ ਉਹ (ਫ਼ਰਿਸ਼ਤਾ) ਇਸਨੂੰ ਇਸ ਤਰ੍ਹਾਂ ਬਾਹਰ ਖਿੱਚਦਾ ਹੈ, ਜਿਵੇਂ ਗਿੱਲੀ ਉੱਨ ਵਿੱਚੋਂ ਅਲ-ਸਫ਼ੂਦ ਨੂੰ ਖਿੱਚਦਾ ਹੈ।

[(ਅਲ-ਸਫ਼ੂਦ- ਲੋਹੇ ਦੀ ਸਲਾਖ, ਸਿਰੇ ਤੋਂ ਕੁੰਢੀ ਵਾਂਗ ਮੁੜੀ ਹੋਈ, ਖਰੋਸ਼ੀਏ ਵਾਂਗ) ਅਰਥਾਤ, ਕਰਵੜੇ ਸਿਰਾਂ ਵਾਲੀ ਲੋਹੇ ਦੀ ਸਲਾਖ, ਜੇਕਰ ਇਸ ਨੂੰ ਉੱਨ ਵਿੱਚ ਪਾ ਕੇ ਕੱਢਿਆ ਜਾਵੇ ਤਾਂ ਉੱਨ ਦੇ ਕਈ ਹਿੱਸੇ ਇਸ ਨਾਲ ਜੁੜ ਜਾਂਦੇ ਹਨ। ਮਤਲਬ ਇਹ ਕਿ ਮੌਤ ਦਾ ਫ਼ਰਿਸ਼ਤਾ ਉਸ ਦੀ ਰੂਹ ਨੂੰ ਬਾਹਰ ਖਿੱਚਦਾ ਹੈ, ਅਤੇ ਉਸ ਦੀ ਰੂਹ ਉਸ ਦੇ ਸਰੀਰ ਦੀ ਹਰੇਕ ਨਾੜੀ ਨਾਲ ਜੁੜੀ ਹੁੰਦੀ ਹੈ, (ਫੈਲੀ ਹੁੰਦੀ ਹੈ)। ਜਿਵੇਂ ਕਿ ਇਹ ਬਾਹਰ ਨਹੀਂ ਆਉਣਾ ਚਾਹੁੰਦੀ, ਅਤੇ ਉਹ ਇਸਨੂੰ ਕਰਵੜੇ ਸਿਰਾਂ ਵਾਲੀ ਲੋਹੇ ਦੀ ਸਲਾਖ ਨਾਲ ਖਿੱਚਦਾ ਰਹਿੰਦਾ ਹੈ
ਜਾਂ ਇਸਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਜਿਵੇਂ ਕੰਡਿਆਂ ਵਾਲੀ ਝਾੜੀ ਵਿੱਚ ਫਸੇ ਗਿੱਲੇ ਕੱਪੜੇ ਨੂੰ ਬਾਹਰ ਕੱਢਣ ਲਈ ਖਿੱਚਿਆ ਜਾਂਦਾ ਹੈ। ਅੱਲ੍ਹਾ ਤਾਅਲਾ ਹੀ ਬੇਹਤਰ ਜਾਣਦਾ ਹੈ। ਬੱਸ ਮਾਮਲਾ ਅੰਤਾਂ ਦਾ ਤਕਲੀਫ਼ ਦੇ ਹੋਵੇਗਾ।]

ਅਤੇ ਉਹ (ਮੌਤ ਦਾ ਫ਼ਰਿਸ਼ਤਾ) ਇਸਨੂੰ ਅਖਜ਼ ਕਰ ਲੈਂਦਾ ਹੈ, ਅਤੇ ਜਦੋਂ ਉਹ ਇਸਨੂੰ (ਪ੍ਰਾਪਤ ਕਰ) ਲੈਂਦਾ ਹੈ, ਤਾਂ ਉਹ (ਦੂਸਰੇ ਫ਼ਰਿਸ਼ਤੇ) ਇਸਨੂੰ (ਅਰਥਾਤ ਦੁਸ਼ਟ ਦੀ ਰੂਹ ਨੂੰ) ਅੱਖ ਝਪਕਣ ਬਰਾਬਰ ਵੀ ਉਸਦੇ ਹੱਥ ਵਿੱਚ ਨਹੀਂ ਛੱਡਦੇ ਇੱਥੋਂ ਤੱਕ ਕਿ ਉਹ ਇਸਨੂੰ ਲੈ ਕੇ ਉਸ ਵਾਲ-ਕੱਪੜੇ (ਤੱਪੜ) ਵਿੱਚ (ਲਪੇਟ) ਨਹੀਂ ਲੈਂਦੇ, ਅਤੇ ਇਸ ਵਿੱਚੋਂ ਨਿਕਲਦੀ ਹੈ, ਇੱਕ ਅਜਿਹੀ ਬਦਬੂ ਜਿਵੇਂ ਕਿ ਧਰਤੀ ਦੇ ਚਿਹਰੇ 'ਤੇ ਪਾਈ ਜਾਣ ਵਾਲੀ ਇੱਕ ਲਾਸ਼ ਦੀ ਸਭ ਤੋਂ ਅਪਮਾਨਜਨਕ (ਅਤੇ) ਬੁਰੀ ਬਦਬੂ।

ਫਿਰ ਉਹ (ਫ਼ਰਿਸ਼ਤੇ) ਇਸਨੂੰ ਲੈ ਕੇ ਉੱਪਰ (ਆਸਮਾਨ) ਦੀ ਤਰਫ਼ ਚੜ੍ਹਦੇ ਹਨ, ਪਰ ਉਹ ਨਹੀਂ ਲੰਘਦੇ, ਫਰਿਸ਼ਤੀਆਂ ਦੇ (ਕਿਸੇ ਵੀ) ਇੱਕ ਸਮੂਹ ਕੋਲੋਂ ਸਿਵਾਏ ਇਸਦੇ ਕਿ ਉਹ ਆਖਦੇ ਹਨ, ਕਿਸਦੀ ਹੈ, ਇਹ ਖ਼ਬੀਸ ਰੂਹ? (ਕਿਹੋ ਜਿਹੀ ਖ਼ਬੀਸ ਰੂਹ ਹੈ?) (ਕੌਣ ਹੈ ਇਹ ਖ਼ਬੀਸ ਰੂਹ?) ਜਿਸ ਦਾ ਉਹ ਜਵਾਬ ਦਿੰਦੇ ਹਨ, ਫਲਾਣ ਪੁੱਤਰ ਫਲਾਣ (ਦੀ ਰੂਹ), ਉਸਦੇ ਸਭ ਤੋਂ ਭੈੜੇ ਨਾਮਾਂ ਦੀ ਵਰਤੋਂ ਕਰਦੇ ਹੋਏ ਜਿਸ ਨਾਲ ਲੋਕ ਉਸਨੂੰ ਧਰਤੀ 'ਤੇ ਬੁਲਾਉਂਦੇ ਸਨ।

ਇੱਥੋਂ ਤੱਕ ਕਿ ਉਹ ਇਸਨੂੰ ਲੈ ਕੇ ਆਸਮਾਨ ਏ ਦੁਨੀਆ (ਅਰਥਾਤ ਪਹਿਲੇ ਆਸਮਾਨ) ਤੱਕ ਪਹੁੰਚਦੇ ਹਨ। ਉਹ ਇਸ ਨੂੰ ਉਸਦੇ ਲਈ ਖੋਲ੍ਹਣ ਦੀ ਮੰਗ ਕਰਦੇ ਹਨ ਪਰ ਇਹ ਉਸਦੇ ਲਈ ਨਹੀਂ ਖੋਲ੍ਹਿਆ ਜਾਂਦਾ।

ਫਿਰ ਅੱਲ੍ਹਾ ਦੇ ਰਸੂਲ (ﷺ) ਨੇ (ਕੁਰਆਨ ਦੀ) ਇਹ ਆਇਤ (7:40) ਪੜ੍ਹੀ,
(ਨਹੀਂ ਖੋਲ੍ਹੇ ਜਾਣਗੇ ਉਨ੍ਹਾਂ ਲਈ ਆਸਮਾਨ ਦੇ ਦਰਵਾਜ਼ੇ, ਅਤੇ ਨਾ ਹੀ ਦਾਖਲ ਹੋਣਗੇ ਉਹ ਜੰਨਤ ਵਿੱਚ, ਇੱਥੋਂ ਤੱਕ ਕਿ ਊਠ ਸੂਈ ਦੇ ਨੱਕੇ ਵਿੱਚੋਂ ਲੰਘ ਜਾਵੇ।)

ਫਿਰ ਅੱਲ੍ਹਾ ਸੁਬਹਾਨਾ ਵ ਤਾਅਲਾ ਫ਼ਰਮਾਉਂਦੇ ਹਨ, ਦਰਜ ਕਰ ਦਵੋ, ਇਸ ਦੀ ਕਿਤਾਬ (ਅਮਾਲ-ਨਾਮਾਂ), ਸਭ ਤੋਂ ਹੇਠਲੀ ਧਰਤੀ 'ਤੇ ਸਿੱਜੀਨ ਵਿੱਚ (ਕੁਰਆਨ 83:7)।
ਤਾਂ ਉਸਦੀ ਰੂਹ (ਤੀਬਰਤਾ ਨਾਲ) ਹੇਠਾਂ ਸੁੱਟ ਦਿੱਤੀ ਜਾਂਦੀ ਹੈ।
ਫਿਰ ਅੱਲ੍ਹਾ ਦੇ ਰਸੂਲ (ﷺ) ਨੇ (ਕੁਰਆਨ ਦੀ) ਇਹ ਆਇਤ (22:31) ਪੜ੍ਹੀ
(ਅਤੇ ਜਿਸ ਕਿਸੇ ਨੇ ਵੀ ਅੱਲ੍ਹਾ ਨਾਲ ਸ਼ਿਰਕ ਕੀਤਾ, ਤਾਂ ਉਹ ਇਸ ਤਰ੍ਹਾਂ ਹੈ, ਜਿਵੇਂ ਉਹ ਅਸਮਾਨ ਤੋਂ ਡਿੱਗਿਆ ਹੋਵੇ ਅਤੇ ਪੰਛੀਆਂ ਨੇ ਉਸ ਨੂੰ ਉਚਕ (ਫੜ੍ਹ) ਲਿਆ ਹੋਵੇ ਜਾਂ ਹਵਾਵਾਂ ਉਸ ਨੂੰ ਕਿਸੇ ਦੂਰ-ਦੁਰਾਡੇ ਸਥਾਨ ਤੇ ਲੈ ਗਈਆਂ ਹੋਣ।)

ਫਿਰ ਉਸਦੀ ਰੂਹ ਉਸਦੇ ਸਰੀਰ ਵਿੱਚ ਵਾਪਸ ਕਰ ਦਿੱਤੀ ਜਾਂਦੀ ਹੈ ਅਤੇ ਦੋ ਫ਼ਰਿਸ਼ਤੇ ਉਸ ਕੋਲ ਆਉਂਦੇ ਹਨ, ਫਿਰ ਉਸਨੂੰ ਬੈਠਾ ਕਰਦੇ ਹਨ, ਫਿਰ ਉਸਤੋਂ (ਪਹਿਲਾ ਸਵਾਲ) ਪੁੱਛਦੇ ਹਨ।
ਤੇਰਾ ਰੱਬ ਕੌਣ ਹੈ?
ਤਾਂ ਉਹ (ਜਵਾਬ ਵਿੱਚ) ਆਖਦਾ ਹੈ, ਹਾਏ! ਹਾਏ!, (ਸਦ ਅਫਸੋਸ) ਲਾ-ਅਦਰੀ (ਮੈਨੂੰ ਨਹੀਂ ਪਤਾ)।
ਫਿਰ ਉਹ (ਦੂਜਾ ਸਵਾਲ) ਪੁੱਛਦੇ ਹਨ।
ਤੇਰਾ ਦੀਨ ਕੀ ਹੈ?,
ਤਾਂ ਉਹ (ਜਵਾਬ ਵਿੱਚ) ਆਖਦਾ ਹੈ, ਹਾਏ! ਹਾਏ!, (ਸਦ ਅਫਸੋਸ) ਲਾ-ਅਦਰੀ (ਮੈਂ ਨਹੀਂ ਜਾਣਦਾ।)
ਫਿਰ ਉਹ ਉਸਨੂੰ (ਤੀਜਾ ਸਵਾਲ) ਪੁੱਛਦੇ ਹਨ।
ਇਹ ਆਦਮੀ ਕੌਣ ਹੈ ਜੋ ਤੁਹਾਡੇ ਵਿਚਕਾਰ ਭੇਜਿਆ ਗਿਆ ਸੀ?
ਤਾਂ ਉਹ (ਜਵਾਬ ਵਿੱਚ) ਆਖਦਾ ਹੈ, ਹਾਏ! ਹਾਏ!, (ਸਦ ਅਫਸੋਸ) ਲਾ-ਅਦਰੀ (ਮੈਂ ਨਹੀਂ ਜਾਣਦਾ।)

ਫਿਰ ਇੱਕ ਪੁਕਾਰਣ ਵਾਲਾ ਆਸਮਾਨ ਤੋਂ ਪੁਕਾਰਦਾ ਹੈ, ਬੰਦੇ ਨੇ ਝੂਠ ਬੋਲਿਆ। ਇਸ ਕਰਕੇ, ਇਸਦੇ ਲਈ ਇੱਕ ਜਹੰਨਮੀ ਬਿਸਤਰਾ (ਗਲੀਚਾ) ਵਿਛਾਓ ਅਤੇ ਇਸ ਲਈ ਜਹੰਨਮ ਦਾ ਇੱਕ ਦਰਵਾਜ਼ਾ ਖੋਲ੍ਹ ਦਿਓ। ਉਥੋਂ ਸੇਕ ਅਤੇ ਗਰਮ ਹਵਾ ਉਸ ਕੋਲ ਆਉਂਦੀਆਂ ਹਨ, ਅਤੇ ਉਸ ਦੀ

ਕਬਰ, ਉਸਦੇ ਲਈ ਤੰਗ ਕਰ ਦਿੱਤੀ ਜਾਂਦੀ ਹੈ ਇੱਥੋਂ ਤੱਕ ਕਿ ਉਸਦੀ ਪਸਲੀਆਂ ਇੱਕ ਦੂਜੇ ਵਿੱਚ ਖੁਬ ਨਾ ਜਾਣ।

ਅਤੇ ਬਦਸੂਰਤ ਚਿਹਰੇ, ਬਦਸੂਰਤ ਕੱਪੜੇ ਅਤੇ ਬਹੁਤ ਬੁਰੀ (ਅਪਮਾਨਜਨਕ) ਗੰਧ ਵਾਲਾ ਇੱਕ ਆਦਮੀ ਉਸ ਕੋਲ ਆਉਂਦਾ ਹੈ ਅਤੇ ਆਖਦਾ ਹੈ, ਬਸ਼ਾਰਤ ਹਾਸਿਲ ਕਰ (ਗ਼ਮੀ ਪ੍ਰਾਪਤ ਕਰ) ਉਸਦੀ ਜੋ ਤੈਨੂੰ ਗ਼ਮਜ਼ਦਾ (ਨਾਰਾਜ਼,ਉਦਾਸ,ਦੁਖੀ) ਕਰੇ। ਕਿਉਂਕਿ ਇਹ ਤੇਰਾ ਉਹ ਦਿਨ ਹੈ ਜਿਸਦਾ ਤੇਰੇ ਨਾਲ ਵਾਅਦਾ ਕੀਤਾ ਜਾਂਦਾ ਸੀ। ਤਾਂ ਉਹ ਉਸਨੂੰ ਪੁੱਛਦਾ ਹੈ: ਤੂੰ ਕੌਣ ਹੈਂ?
(ਕਿਉਂਕਿ) ਤੇਰਾ ਚਿਹਰਾ ਉਹ ਚਿਹਰਾ ਹੈ ਜੋ ਸ਼ਰ (ਬੁਰਾਈ) (ਦੁੱਖਦਈ ਖਬਰ) ਲਿਆਉਂਦਾ ਹੈ।
ਉਹ (ਜਵਾਬ ਵਿੱਚ) ਆਖਦਾ ਹੈ, ਮੈਂ ਤੇਰਾ ਅਮਲ ਏ ਖ਼ਬੀਸ (ਬੁਰਾ ਅਮਲ) ਹਾਂ।
ਫਿਰ ਉਹ ਆਖਦਾ ਹੈ, ਹੇ ਮੇਰੇ ਰੱਬ! ਕਿਆਮਤ ਕਾਇਮ ਨਾ ਕਰੀ।

ਇੱਕ ਹੋਰ ਰਵਾਇਤ ਵਿੱਚ ਵੀ ਇਸੇ ਤਰ੍ਹਾਂ ਹੈ, ਪਰ ਉਸ ਵਿੱਚ ਇਹ ਵਾਧਾ ਹੈ।
ਜਦੋਂ ਉਸਦੀ (ਅਰਥਾਤ ਮੋਮਿਨ ਦੀ) ਰੂਹ ਨਿੱਕਲਦੀ ਹੈ, ਤਾਂ ਆਕਾਸ਼ ਅਤੇ ਧਰਤੀ ਦੇ ਵਿਚਕਾਰ ਹਰ ਇੱਕ ਫ਼ਰਿਸ਼ਤਾ ਅਤੇ ਆਸਮਾਨ ਵਿੱਚ ਹਰ ਇੱਕ ਫ਼ਰਿਸ਼ਤਾ, ਉਸਦੇ ਲਈ ਦੁਆ ਕਰਦਾ ਹੈ।
(ਰਹਿਮ ਦੀ ਮੰਗ ਕਰਦਾ ਹੈ) ਅਤੇ ਆਸਮਾਨ ਦੇ ਦਰਵਾਜ਼ੇ ਉਸ ਲਈ ਖੋਲ੍ਹ ਦਿੱਤੇ ਜਾਂਦੇ ਹਨ।
ਦਰਵਾਜ਼ੇ ਵਾਲਿਆਂ ਵਿੱਚੋਂ ਕੋਈ ਅਜਿਹਾ ਨਹੀਂ, ਸਿਵਾਏ ਇਸਦੇ ਕਿ ਉਹ ਅੱਲ੍ਹਾ ਅੱਗੇ ਬੇਨਤੀ ਕਰਦੇ ਹਨ ਕਿ ਉਸਦੀ ਰੂਹ ਨੂੰ ਉਹਨਾਂ ਦੀ ਤਰਫ਼ ਤੋਂ ਬੁਲੰਦ ਕੀਤਾ ਜਾਵੇ।
(ਅਰਥਾਤ ਹਰ ਦਰਵਾਜ਼ੇ ਵਾਲੇ ਅੱਲ੍ਹਾ ਅੱਗੇ ਬੇਨਤੀ ਕਰਦੇ ਹਨ ਕਿ ਉਸਦੀ ਰੂਹ ਨੂੰ ਉਹਨਾਂ ਦੀ ਤਰਫ਼ ਤੋਂ ਬੁਲੰਦ ਕੀਤਾ ਜਾਵੇ),

ਪਰ ਉਸਦੀ ਰੂਹ, ਅਰਥਾਤ, ਕਾਫਿਰ ਦੀ, ਨਾੜੀਆਂ ਦੇ ਨਾਲ ਬਾਹਰ ਖਿੱਚੀ ਜਾਂਦੀ ਹੈ।
ਫਿਰ ਆਕਾਸ਼ ਅਤੇ ਧਰਤੀ ਦੇ ਵਿਚਕਾਰ ਹਰ ਇੱਕ ਫ਼ਰਿਸ਼ਤਾ ਅਤੇ ਆਸਮਾਨ ਵਿੱਚ ਹਰ ਇੱਕ ਫ਼ਰਿਸ਼ਤਾ, ਉਸਦੇ ਲਈ ਬਦ-ਦੁਆ (ਲਾਅਨਤ) ਕਰਦਾ ਹੈ। ਅਤੇ ਆਸਮਾਨ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ।
ਦਰਵਾਜ਼ੇ ਵਾਲਿਆਂ ਵਿੱਚੋਂ ਕੋਈ ਅਜਿਹਾ ਨਹੀਂ, ਸਿਵਾਏ ਇਸਦੇ ਕਿ ਉਹ ਅੱਲ੍ਹਾ ਅੱਗੇ ਬੇਨਤੀ ਕਰਦੇ ਹਨ ਕਿ ਉਸਦੀ ਰੂਹ ਨੂੰ ਉਹਨਾਂ ਦੀ ਤਰਫ਼ ਤੋਂ ਬੁਲੰਦ ਨਾ ਕੀਤਾ ਜਾਵੇ।

[ਅਹਿਮਦ ਦੁਆਰਾ ਰਵਾਇਤ ਕੀਤੀ ਗਈ।
ਮਿਸ਼ਕਾਤ ਅਲ-ਮਸਾਬੀਹ 1630
ਸਹੀ (ਅਲ-ਅਲਬਾਨੀ)]

ਇਸ ਰਵਾਇਤ ਦੇ ਮੁਤੱਲਿਕ ਸੁਨਨ ਅਬੂ ਦਾਊਦ 4753 ਵਿਚਲੇ ਇਜ਼ਾਫ਼ੇ
ਜਰੀਰ ਦੀ ਰਵਾਇਤ ਵਿੱਚ ਇਹ ਇਜ਼ਾਫ਼ਾ ਹੈ,
ਜਦੋਂ ਉਹ (ਅਰਥਾਤ ਲੋਕ ਜਦੋਂ ਮੁਰਦੇ ਨੂੰ ਦਫ਼ਨਾ ਕੇ) ਵਾਪਸ ਜਾਂਦੇ ਹਨ ਤਾਂ ਉਹ ਉਨ੍ਹਾਂ ਦੀਆਂ ਜੁੱਤੀਆਂ ਦੀ ਆਵਾਜ਼ ਸੁਣਦਾ ਹੈ, ਅਤੇ ਉਸ ਸਮੇਂ ਉਸ ਨੂੰ ਪੁੱਛਿਆ ਜਾਂਦਾ ਹੈ,
ਤੇਰਾ ਰੱਬ ਕੌਣ ਹੈ? ਅਤੇ ਤੇਰਾ ਦੀਨ ਕੀ ਹੈ? ਅਤੇ ਤੇਰਾ ਨਬੀ ਕੌਣ ਹੈ?
(ਅਤੇ ਜਦੋਂ ਉਹ ਸਾਰੇ ਸਵਾਲਾਂ ਦੇ ਜਵਾਬ ਦੇ ਦਿੰਦਾ ਹੈ ਜਿਵੇਂ ਪਹਿਲੀ ਰਵਾਇਤ ਵਿੱਚ ਗੁਜ਼ਰ ਚੁੱਕਿਆ ਹੈ ਤਾਂ)

ਜਰੀਰ ਦੀ ਰਵਾਇਤ ਵਿੱਚ ਇਹ ਇਜ਼ਾਫ਼ਾ ਹੈ ਕਿ
ਅੱਲ੍ਹਾ ਤਾਅਲਾ ਦੇ ਇਸ ਫਰਮਾਨ (14:27) ਤੋਂ ਇਹੀ ਮੁਰਾਦ ਹੈ।
ਅੱਲ੍ਹਾ ਸਾਬਿਤ ਏ ਕਦਮ (ਸਥਿਰ, ਦ੍ਰਿੜ੍ਹ, ਮਜ਼ਬੂਤ) ਰੱਖੇਗਾ, ਉਹਨਾਂ ਨੂੰ ਜੋ ਇਮਾਨ ਲਿਆਏ, ਦ੍ਰਿੜ੍ਹ ਕੌਲ (ਅਰਥਾਤ ਕਲਮਾ ਏ ਤੌਹੀਦ (ਲਾ ਇਲਾਹਾ ਇੱਲ-ਲੱਲ-ਲਾਹ ਮੁਹੰਮਦੁਰ-ਰਸੂਲ ਅੱਲ੍ਹਾ) ਨਾਲ, (ਉਹਨਾਂ ਦੀ) ਦੁਨਿਆਵੀ ਜ਼ਿੰਦਗੀ ਵਿੱਚ (ਭਾਵ ਉਹ ਇਕੱਲੇ ਅੱਲ੍ਹਾ ਦੀ ਹੀ ਇਬਾਦਤ ਕਰਦੇ ਰਹਿਣਗੇ ਅਤੇ ਕਿਸੇ ਹੋਰ ਨੂੰ ਸ਼ਰੀਕ ਨਹੀਂ ਕਰਨਗੇ) ਅਤੇ ਆਖਰਤ ਵਿੱਚ (ਭਾਵ ਜਦੋਂ ਮੌਤ ਤੋਂ ਬਾਅਦ ਫਰਿਸ਼ਤੀਆਂ ਦੁਆਰਾ ਉਨ੍ਹਾਂ ਦੀਆਂ ਕਬਰਾਂ ਵਿੱਚ ਸਵਾਲ ਕੀਤੇ ਜਾਣਗੇ।) (14:27)

(ਦੁਸ਼ਟ ਰੂਹ ਦੇ ਮਾਮਲੇ ਵਿੱਚ)
ਜਰੀਰ ਦੀ ਰਵਾਇਤ ਵਿੱਚ ਇਹ ਇਜ਼ਾਫ਼ਾ ਹੈ ਕਿ
ਫ਼ੇਰ ਉਸ ਉੱਪਰ ਇੱਕ ਅੰਨ੍ਹਾ-ਗੁੰਗਾ ਨਿਯੁਕਤ ਕਰ ਦਿੱਤਾ ਜਾਂਦਾ ਹੈ। ਜਿਸ ਕੋਲ ਲੋਹੇ ਦਾ ਇੱਕ ਹਥੌੜਾ ਹੁੰਦਾ ਹੈ। ਜੇਕਰ ਇਹ ਇੱਕ ਪਹਾੜ ਤੇ ਮਾਰਿਆ ਜਾਵੇ, ਤਾਂ ਉਹ ਮਿੱਟੀ ਹੋ ਜਾਵੇ।
ਫ਼ਰਮਾਇਆ, ਫਿਰ ਉਹ ਉਸਨੂੰ (ਇਸ ਹਥੌੜੇ ਨਾਲ) ਇੱਕ ਸੱਟ ਮਾਰਦਾ ਹੈ, ਜੋ ਦੋ (ਅਰਥਾਤ ਜਿੰਨਾਂ ਅਤੇ ਇਨਸਾਨਾਂ) ਨੂੰ ਛੱਡ ਕੇ ਪੂਰਬ ਅਤੇ ਪੱਛਮ ਦੇ ਵਿਚਕਾਰ (ਸਭ ਨੂੰ) ਸੁਣਾਈ ਦਿੰਦਾ ਹੈ। ਫ਼ਰਮਾਇਆ, ਫਿਰ ਉਸ ਵਿੱਚ ਰੂਹ ਮੁੜ ਬਹਾਲ ਕਰ ਦਿੱਤੀ ਜਾਂਦੀ ਹੈ।
[ਸੁਨਨ ਅਬੂ ਦਾਊਦ 4753 (ਸਹੀ, ਅਲਬਾਨੀ)]

ਹੇ ਇਨਸਾਨ ਅੱਜ ਤੇਰੇ ਕੋਲ ਮੌਕਾ ਹੈ ਅੱਲ੍ਹਾ ਦੀ ਕਿਤਾਬ ਕੁਰਆਨ ਅਤੇ ਅੱਲ੍ਹਾ ਦੇ ਰਸੂਲ ਮੁਹੰਮਦ (ﷺ) ਦੇ ਫਰਮਾਨਾਂ ਉੱਪਰ ਗ਼ੌਰ ਅਤੇ ਫ਼ਿਕਰ ਕਰਨ ਦਾ ਅਤੇ ਇਹਨਾਂ ਨੂੰ ਸੱਚਾ ਜਾਣਦੇ ਹੋਏ, ਇਹਨਾਂ ਉੱਪਰ ਅਮਲ ਕਰਨ ਦਾ। ਵਰਨਾ ਆਖਰਤ ਵਿੱਚ ਤੇਰੀ ਹਾਲਤ ਅਜਿਹੀ ਹੋ ਜਾਵੇਗੀ, ਜਿਵੇਂ ਕੁਰਆਨ ਦੀਆਂ ਇਹ ਆਇਤਾਂ ਬਿਆਨ ਕਰਦੀਆਂ ਹਨ।

1. ਅਤੇ ਦਵੱਲਿਆ ਜਾਵੇਗਾ, ਉਨ੍ਹਾਂ ਨੂੰ ਸਮੂਹਾਂ ਵਿੱਚ ਜਹੰਨਮ ਵੱਲ, ਜਿਨ੍ਹਾਂ ਨੇ ਕੁਫ਼ਰ (ਇਨਕਾਰ) ਕੀਤਾ, ਇੱਥੋਂ ਤੱਕ ਕਿ ਜਦੋਂ ਉਹ ਪਹੁੰਚ ਜਾਣਗੇ (ਜਹੰਨਮ ਅੱਗੇ), (ਤਾਂ) ਇਸਦੇ ਦਰਵਾਜ਼ੇ ਖੋਲ੍ਹ ਦਿੱਤੇ ਜਾਣਗੇ। ਅਤੇ ਆਖਣਗੇ, (ਜਹੰਨਮ ਦੇ) ਰਖਵਾਲੇ (ਦਰੋਗ਼ੇ), ਉਨ੍ਹਾਂ ਨੂੰ, ਕੀ ਨਹੀਂ ਆਏ ਤੁਹਾਡੇ ਕੋਲ ਰਸੂਲ, (ਜੋ) ਤੁਹਾਡੇ (ਹੀ) ਵਿੱਚੋਂ (ਸਨ), (ਜੋ) ਪੜ੍ਹ ਕੇ ਸੁਣਾਉਂਦੇ ਸਨ ਤੁਹਾਨੂੰ ਆਇਤਾਂ ਤੁਹਾਡੇ ਰੱਬ ਦੀਆਂ ਅਤੇ ਡਰਾਉਂਦੇ (ਅਤੇ ਚੇਤਾਵਨੀ) ਦਿੰਦੇ ਸਨ ਤੁਹਾਨੂੰ, ਤੁਹਾਡੇ ਇਸ ਦਿਨ ਦੀ ਮੁਲਾਕਾਤ ਤੋਂ?
ਉਹ ਕਹਿਣਗੇ, ਹਾਂ!
ਪਰ ਸੱਚਮੁੱਚ! ਸਜ਼ਾ ਦਾ ਸ਼ਬਦ [ਫ਼ਰਮਾਨ] ਕਾਫ਼ਰਾਂ 'ਤੇ ਲਾਗੂ ਹੋ ਗਿਆ ਹੈ
(ਸਜ਼ਾ ਦਾ ਬਚਨ ਇਨਕਾਰ ਕਰਨ ਵਾਲਿਆਂ ਵਿਰੁੱਧ ਸੱਚ ਸਾਬਤ ਹੋਇਆ)
(ਤਸੀਹੇ ਦਾ ਬਚਨ ਅਵਿਸ਼ਵਾਸੀਆਂ ਦੇ ਵਿਰੁੱਧ ਜਾਇਜ਼ ਠਹਿਰਾਇਆ ਗਿਆ)

(ਉਨ੍ਹਾਂ ਨੂੰ) ਕਿਹਾ ਜਾਵੇਗਾ, ਦਾਖਲ ਹੋ ਜਾਵੋ, ਜਹੰਨਮ ਦੇ ਦਰਵਾਜ਼ਿਆਂ ਵਿੱਚ, ਉੱਥੇ ਸਦਾ ਰਹਿਣ ਲਈ। ਅਤੇ (ਸੱਚਮੁੱਚ) ਹੰਕਾਰੀਆਂ ਦਾ ਨਿਵਾਸ (ਘਰ) ਕਿੰਨਾ ਭੈੜਾ ਹੈ!
(ਅਲ-ਕੁਰਆਨ 39:71-72)

ਅਸਲ ਘਮੰਡੀ (ਹੰਕਾਰੀ) ਉਹ ਹੈ ਜੋ ਸੱਚ (ਅਰਥਾਤ ਅੱਲ੍ਹਾ ਅਤੇ ਉਸਦੇ ਰਸੂਲ ਦੇ ਫਰਮਾਨ) ਦਾ ਇਨਕਾਰ ਕਰਦਾ ਹੈ (ਦੇਖੋ ਸਹੀ ਮੁਸਲਿਮ 91)

2. ਅਤੇ ਉਹ (ਜਹੰਨਮੀ) ਪੁਕਾਰਣਗੇ, ਹੇ ਮਲਿਕ (ਜਹੰਨਮ ਦੇ ਰਾਖੇ)! ਤੇਰਾ ਰੱਬ ਸਾਡਾ ਅੰਤ ਕਰ ਦੇਵੇ। ਉਹ ਕਹੇਗਾ, ਬੇਸ਼ੱਕ, ਤੁਸੀਂ (ਸਦਾ ਲਈ ਇੱਥੇ ਹੀ) ਠਹਿਰ ਰਹੇ ਹੋ।
(ਅਲ-ਕੁਰਆਨ 43:77)

ਮੈਂ ਅੱਲ੍ਹਾ, ਅਲ-ਅਹਦ, ਅਲ-ਹਈ, ਅਲ-ਕੱਯੂਮ ਅੱਗੇ ਦੁਆ ਕਰਦਾ/ਕਰਦੀ ਹਾਂ, ਕਿ

ਹੇ ਮੇਰੇ, ਅਰ-ਰਫ਼ੀਕ, ਅਲ-ਅਫ਼ਵੁ, ਅਲ-ਗਫ਼ੂਰ, ਰੱਬ ਮੇਰੇ ਛੋਟੇ-ਵੱਡੇ, ਅਗਲੇ-ਪਿਛਲੇ, ਸਾਰੇ ਗੁਨਾਹਾਂ ਨੂੰ ਮਾਫ਼ ਫ਼ਰਮਾ।

ਹੇ ਮੇਰੇ, ਅਲ-ਕਾਦਿਰ, ਅਦ-ਦੱਯਾਨ, ਅਲ-ਅਜ਼ੀਜ਼, ਰੱਬ ਮੇਰੇ ਅਮਾਲ-ਨਾਮੇ ਵਿੱਚੋਂ ਇਹਨਾਂ ਸਾਰੇ ਗੁਨਾਹਾਂ ਨੂੰ ਮਿਟਾ ਕੇ ਇਹਨਾਂ ਨੂੰ ਨੇਕੀਆਂ ਵਿੱਚ ਤਬਦੀਲ ਕਰਦੇ।

ਹੇ ਮੇਰੇ ਅਲ-ਜੱਬਾਰ, ਅਲ-ਕੱਹਾਰ, ਅਲ-ਅਲੀਮ ਰੱਬ ਤੂੰ ਜੋ ਚਾਹੇ ਮਿਟਾ ਦੇਵੇਂ ਅਤੇ ਜੋ ਚਾਹੇ ਲਿਖ ਦੇਵੇਂ।

ਹੇ ਮੇਰੇ ਅਸ-ਸਲਾਮ, ਅਲ-ਮੁਅਮਿਨ, ਅਲ-ਮੁਹੈਮਿਨ ਰੱਬ ਮੈਨੂੰ ਦੁਨੀਆ ਅਤੇ ਆਖਰਤ ਵਿੱਚ ਕਲਮਾਂ ਏ ਤੌਹੀਦ ਉੱਪਰ ਸਥਿਰ ਰੱਖੀਂ, ਕੁਫ਼ਰ, ਸ਼ਿਰਕ ਅਤੇ ਬਿਦਾਅਤਾਂ ਤੋਂ ਬਚ ਕੇ ਰੱਖੀਂ।

ਹੇ ਮੇਰੇ ਅਲ-ਵੱਹਾਬ, ਅਲ-ਜੱਵਾਦ, ਅਲ-ਮੰਨਾਂਨ ਰੱਬ ਦੁਨੀਆ ਅਤੇ ਆਖਰਤ ਦੀਆਂ ਭਲਾਈਆਂ ਅਤਾ ਫ਼ਰਮਾ, ਮੈਂ ਤੇਰੀ ਤਰਫ਼ ਤੋਂ ਨਾਜ਼ਿਲ ਕਰਦਾ ਹਰ ਖ਼ੈਰ ਦਾ ਫ਼ਕੀਰ ਹਾਂ, ਅਤੇ ਹਰ ਤਰ੍ਹਾਂ ਦੀ ਸ਼ਰ ਤੋਂ ਤੇਰੀ ਪਨਾਹ ਦਾ ਤਲਬਗ਼ਾਰ ਹਾਂ।

ਹੇ ਮੇਰੇ ਅਲ-ਮੁਹਸਿਨ, ਅਲ-ਫ਼ੱਤਾਹ, ਅਲ-ਗ਼ਨੀ, ਰੱਬ ਕਬਰ ਅਤੇ ਜਹੰਨਮ ਦੇ ਅਜ਼ਾਬ ਤੋਂ ਬਚਾ ਲਵੀਂ ਅਤੇ ਜੰਨਤ ਦਾ ਸਭ ਤੋਂ ਬੁਲੰਦ ਦਰਜਾ ਅਤਾ ਫ਼ਰਮਾ।
ਆਮੀਨ